## ਪਾਠ-7
## ਈ-ਗਵਰਨੈਂਸ (ਭਾਗ-2)

**ਪ੍ਰ:1: ਬਹੁਪਸੰਦੀ ਪ੍ਰਸ਼ਨ:**

**1. ਸਰਕਾਰ ਦੀਆਂ ਔਨਲਾਈਨ ਸੇਵਾਵਾਂ ਅਤੇ ਸੁਵਿਧਾਵਾਂ ਨੂੰ ________ ਕਿਹਾ ਜਾਂਦਾ ਹੈ ।**
ੳ) ਲੋਕ ਭਲਾਈ ਸੇਵਾਵਾਂ ਅ) ਲੋਕਤੰਤਰੀ ਸੇਵਾਵਾਂ ੲ) ਈ-ਗਵਰਨੈਂਸ ਸ) ਇੰਟਨੈੱਟ ਸੇਵਾਵਾਂ

**2. G2C ਦਾ ਮਤਲਬ ਹੈ?**
ੳ) ਸਰਕਾਰ ਤੋਂ ਕਰਮਚਾਰੀ ਅ) ਸਰਕਾਰ ਤੋਂ ਨਾਗਰਿਕ ੲ) ਸਰਕਾਰ ਤੋਂ ਵਪਾਰੀ ਸ) ਸਰਕਾਰ ਤੋਂ ਸਰਕਾਰ

**3. ਈ-ਗਵਰਨੈਂਸ ਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਦਾ ਆਧੁਨਿਕ ਰੂਪ _______ ਹੈ ।**
ੳ) ਈ-ਬਿਜ਼ਨਸ ਅ) ਈ-ਕਾਮਰਸ ੲ) ਈ-ਸਰਵਿਸਿਜ਼ ਸ) ਸਮਾਰਟ ਗਵਰਨੈਂਸ

**4. ਅਧਾਰ ਕਾਰਡ ਦੇ ਨੰਬਰਾਂ ਦੀ ਗਿਣਤੀ ਕਿੰਨ੍ਹੀ ਹੁੰਦੀ ਹੈ?**
ੳ) 14 ਅ) 12 ੲ) 16 ਸ) 10

**5. ਹੇਠਾਂ ਵਿਚੋਂ ਕਿਹੜਾ ਕਿਸੇ ਵੀ ਇਨਫਰਮੇਸ਼ਨ ਸਿਸਟਮ ਦਾ ਭਾਗ ਹੈ?**
ੳ) ਡਾਟਾਬੇਸ ਅਤੇ ਪ੍ਰੋਸੀਜ਼ਰ ਅ) ਨੈਟਵਰਕ ੲ) ਹਾਰਡਵੇਅਰ ਅਤੇ ਸਾਫਟਵੇਅਰ ਸ) ਇਹ ਸਾਰੇ ਹੀ ।

**ਪ੍ਰ:2 ਖਾਲੀ ਥਾਵਾਂ ਭਰੋ:**
1. ਈ-ਗਵਰਨੈਂਸ ਦੀਆਂ ਸੇਵਾਵਾਂ ਅਤੇ ਸੁਵਿਧਾਵਾਂ ਨੂੰ ____ ਭਾਗਾਂ ਵਿੱਚ ਵੰਡਿਆ ਜਾਂਦਾ ਹੈ ।
2. ________ਭਾਰਤੀ ਨਾਗਰਿਕਾਂ ਨੂੰ ਵਿਲੱਖਣ ਪਹਿਚਾਣ ਦਿੰਦਾ ਹੈ ।
3. ਪੰਜਾਬ ਵਿੱਚ ਪਿੰਡ ਪੱਧਰ ਤੇ ਈ-ਗਵਰਨੈਂਸ ਸੇਵਾਵਾਂ _____ ਦੁਆਰਾ ਦਿੱਤੀਆਂ ਜਾਂਦੀਆਂ ਹਨ ।
4. ______ ਦੀ ਵਰਤੋਂ ਗੰਭੀਰ ਜਾਂ ਜਟਿਲ ਸਮੱਸਿਆਵਾਂ ਦਾ ਹੱਲ ਕਰਨ ਲਈ ਕੀਤੀ ਜਾਂਦੀ ਹੈ ।
5. ਸਮਾਰਟ ਕਾਰਡ ________ ਦੇ ਪ੍ਰਤੀਕ ਹਨ ।

**ਉੱਤਰ:** 1. ਤਿੰਨ੍ਹ 2. ਆਧਾਰ ਨੰਬਰ 3. ਸੇਵਾ/ਸੁਵਿਧਾ ਕੇਂਦਰਾਂ 4. ਐਕਸਪਰਟ ਸਿਸਟਮ 5. ਸਮਾਰਟ ਗਵਰਨੈਂਸ

**ਪ੍ਰ:3 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 UIDAI ਦਾ ਪੂਰਾ ਰੂਪ ਲਿਖੋ।**
ਉ: Unique Identification Authority Of India

**ਪ੍ਰ:2 ਕੋਈ ਦੋ ਇਨਫਰਮੇਸ਼ਨ ਸਿਸਟਮਾਂ ਦੇ ਨਾਮ ਲਿਖੋ।**
ਉ: MIS (Management Information System), DSS (Decision Support System)

**ਪ੍ਰ:3 ਈ-ਗਵਰਨੈਂਸ ਦੇ ਪੱਧਰਾਂ (levels) ਦੇ ਨਾਮ ਲਿਖੋ।**
ਉ: ਰਾਸ਼ਟਰੀ ਪੱਧਰ, ਘਰੇਲੂ ਪੱਧਰ, ਅੰਤਰ-ਰਾਸ਼ਟਰੀ ਪੱਧਰ

**ਪ੍ਰ:4 G2G ਪੂਰਾ ਰੂਪ ਲਿਖੋ।**
ਉ: ਸਰਕਾਰ ਤੋਂ ਸਰਕਾਰ (Govterment to Government)

**ਪ੍ਰ:5 TPS ਦਾ ਪੂਰਾ ਨਾਮ ਲਿਖੋ।**
ਉ: ਟ੍ਰਾਂਜ਼ੈਕਸ਼ਨ ਪ੍ਰੋਸੈਸਿੰਗ ਸਿਸਟਮ (Transaction Processing System)

**ਪ੍ਰ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਈ-ਗਵਰਨੈਂਸ ਦੇ ਤਿੰਨ ਪੱਧਰ ਕਿਹੜੇ ਹਨ? ਜਾਣਕਾਰੀ ਦਿਓ।**
ਉ: ਈ-ਗਵਰਨੈਂਸ ਪ੍ਰਣਾਲੀ ਦੇ ਵੱਖ-ਵੱਖ ਪੱਧਰ ਹੇਠ ਲਿਖੇ ਅਨੁਸਾਰ ਹਨ:
1. ਰਾਸ਼ਟਰੀ ਪੱਧਰ (National Level)
2. ਘਰੇਲੂ ਪੱਧਰ/ਪ੍ਰਾਂਤ ਪੱਧਰ (Domestic Level/State Level)
3. ਅੰਤਰ-ਰਾਸ਼ਟਰੀ ਪੱਧਰ (International Level)

**ਪ੍ਰ:2 ਸਮਾਰਟ ਗਵਰਨੈਂਸ ਬਾਰੇ ਸੰਖੇਪ ਜਾਣਕਾਰੀ ਦਿਓ?**
ਉ: ਈ-ਗਵਰਨੈਂਸ ਦਾ ਮਾਡਰਨ ਨਾਮ ਹੀ ਸਮਾਰਟ ਗਵਰਨੈਂਸ ਹੈ। 'ਸਮਾਰਟ' ਦਾ ਅਰਥ ਹੈ ਆਕਰਸ਼ਕ (attractive) ਅਤੇ ਗਵਰਨੈਂਸ ਦਾ ਅਰਥ ਹੈ ਸ਼ਾਸਨ। ਸਾਧਾਰਣ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਕਤੰਤਰਿਕ ਪ੍ਰਣਾਲੀ ਵਿੱਚ ਬਿਹਤਰ ਯੋਜਨਾਬੰਦੀ ਅਤੇ ਚੰਗੇ ਫੈਸਲੇ ਲੈਣ ਲਈ ਨਵੀਂ ਟੈਕਨੋਲੋਜ਼ੀ ਦੀ ਵਰਤੋਂ ਕਰਨਾ ਹੀ ਸਮਾਰਟ ਗਵਰਨੈਂਸ ਅਖਵਾਉਂਦਾ ਹੈ। ਇਹ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਅਤੇ ਟੈਕਨੋਲੋਜੀ ਦੀ ਵਰਤੋਂ ਕਰਦੇ ਹੋਏ ਬਿਹਤਰ ਜਨਤਕ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕਿਆਂ ਨਾਲ ਸੰਬੰਧਤ ਹੈ।

**ਪ੍ਰ:3 ਅਧਾਰ ਕਾਰਡ ਦੇ ਕੋਈ ਚਾਰ ਉਪਯੋਗ ਲਿਖੋ?**
ਉ: ਆਧਾਰ ਕਾਰਡ ਦੇ ਕੁੱਝ ਮੁੱਖ ਉਪਯੋਗ ਹੇਠ ਲਿਖੇ ਹਨ:
i. ਬੈਂਕਾਂ ਵਿੱਚ ਖਾਤਾ ਖੁਲਵਾਉਣ ਲਈ।
ii. ਗੈਸ ਕੁਨੈਕਸ਼ਨ ਅਤੇ ਸਬਸਿਡੀ ਲੈਣ ਲਈ।
iii. ਮੋਬਾਈਲ ਸਿਮ ਕਾਰਡ ਜਾਂ ਟੈਲੀਫੋਨ ਕੁਨੈਕਸ਼ਨ ਲੈਣ ਲਈ।
iv. ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਲੈਣ ਲਈ।
v. ਵਿਲੱਖਣ ਪਹਿਚਾਣ ਦਸਤਾਵੇਜ਼ ਵਜੋਂ।

**ਪ੍ਰ:4 ਇਨਫਰਮੇਸ਼ਨ ਸਿਸਟਮ ਦੇ ਭਾਗਾਂ ਬਾਰੇ ਲਿਖੋ?**

ਉ: ਇਨਫਰਮੇਸ਼ਨ ਸਿਸਟਮ (ਸੂਚਨਾ ਪ੍ਰਣਾਲ) ਦੇ ਭਾਗ ਹੇਠ ਲਿਖੇ ਅਨੁਸਾਰ ਹੁੰਦੇ ਹਨ:

- **ਹਾਰਡਵੇਅਰ ਭਾਗ:** ਇਸ ਭਾਗ ਵਿੱਚ ਮੋਨੀਟਰ, ਸੀ.ਪੀ.ਯੂ, ਕੀ-ਬੋਰਡ, ਮਾਊਸ, ਪ੍ਰਿੰਟਰ, ਹਾਰਡ-ਡਿਸਕ ਆਦਿ ਸ਼ਾਮਿਲ ਹੁੰਦੇ ਹਨ।
- **ਸਾਫਟਵੇਅਰ ਭਾਗ:** ਇਸ ਭਾਗ ਵਿੱਚ ਉਹ ਸਾਰੇ ਪ੍ਰੋਗਰਾਮ ਸ਼ਾਮਿਲ ਹੁੰਦੇ ਹਨ ਜੋ ਹਾਰਡਵੇਅਰ ਦੀ ਵਰਤੋਂ ਕਰਕੇ ਡਾਟਾ ਨੂੰ ਪ੍ਰੋਸੈੱਸ ਕਰਦੇ ਹਨ।
- **ਡਾਟਾਬੇਸ ਭਾਗ:** ਇਹ ਭਾਗ ਡਾਟਾ ਨੂੰ ਸਟੋਰ ਕਰਨ ਲਈ ਵਰਤਿਆ ਜਾਂਦਾ ਹੈ।
- **ਨੈਟਵਰਕ ਭਾਗ:** ਇਹ ਭਾਗ ਰਾਹੀਂ ਸਾਧਨਾਂ, ਸੂਚਨਾਂ ਅਤੇ ਡਾਟੇ ਦੀ ਸ਼ੇਅਰਿੰਗ ਕੀਤੀ ਜਾਂਦੀ ਹੈ।
- **ਪ੍ਰੋਸੀਜ਼ਰ (Procedure):** ਇਸ ਭਾਗ ਵਿੱਚ ਉਹ ਵਿਧੀਆਂ ਅਤੇ ਪ੍ਰਕਿਰਿਆਵਾਂ ਸ਼ਾਮਿਲ ਹੁੰਦੀਆਂ ਹਨ ਜਿਹਨਾਂ ਨਾਲ ਡਾਟਾ ਉਪਰ ਕੰਮ ਕਰਕੇ ਸੂਚਨਾ ਪ੍ਰਾਪਤ ਕੀਤੀ ਜਾਂਦੀ ਹੈ।

**ਪ੍ਰ:5 ਸੇਵਾ/ਸੁਵਿਧਾ ਕੇਂਦਰ ਕੀ ਹੁੰਦੇ ਹਨ? ਵਿਆਖਿਆ ਕਰੋ?**





ਉ: ਸਰਕਾਰ ਨੇ ਈ-ਗਵਰਨੈਂਸ ਰਾਹੀਂ ਈ-ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ ਵੱਖ-ਵੱਖ ਪੱਧਰਾਂ (ਜ਼ਿਲ੍ਹਾ, ਤਹਿਸੀਲਾਂ, ਬਲਾਕਾਂ, ਸ਼ਹਿਰਾਂ, ਪਿੰਡਾਂ) ਉੱਤੇ ਬਹੁਤ ਸਾਰੇ ਸਹਾਇਤਾ-ਕੇਂਦਰ ਖੋਲ੍ਹੇ ਹਨ। ਇਹਨਾਂ ਸਹਾਇਤਾ ਕੇਂਦਰਾਂ ਨੂੰ ਸਰਬ-ਸੇਵਾ-ਕੇਂਦਰ ਜਾਂ ਸੇਵਾ-ਕੇਂਦਰ ਕਿਹਾ ਜਾਂਦਾ ਹੈ। ਇਹ ਕੇਂਦਰ ਨਾਗਰਿਕਾਂ ਨੂੰ ਕਈ ਤਰ੍ਹਾਂ ਦੀਆਂ ਈ-ਸੇਵਾਵਾਂ ਪ੍ਰਦਾਨ ਕਰਦੇ ਹਨ, ਜਿਵੇਂ ਕਿ: ਰਿਹਾਇਸ਼ੀ ਸਰਟੀਫਿਕੇਟ ਜਾਰੀ ਕਰਨਾ, ਜਾਤੀ ਸਰਟੀਫਿਕੇਟ ਜਾਰੀ ਕਰਨਾ, ਜਨਮ-ਮੌਤ ਸਰਟੀਫਿਕੇਟ ਜਾਰੀ ਕਰਨਾ, ਆਦਿ।

**ਪ੍ਰ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਈ-ਗਵਰਨੈਂਸ ਤੋਂ ਕੀ ਭਾਵ ਹੈ? ਇਸ ਦੀ ਕਾਰਜ-ਪ੍ਰਣਾਲੀ ਦੀ ਵਿਆਖਿਆ ਕਰੋ।**

ਉ: ਈ-ਗਵਰਨੈਂਸ ਇਕ ਕਾਰਜਸ਼ੀਲ ਪ੍ਰਣਾਲੀ ਹੈ ਜਿਸ ਵਿੱਚ ਸਰਕਾਰਾਂ, ਨਾਗਰਿਕ ਅਤੇ ਸੰਸਥਾਵਾਂ ਔਨਲਾਈਨ ਸਹੂਲਤਾਂ ਅਤੇ ਸੇਵਾਵਾਂ ਵਿਚ ਹਿੱਸਾ ਲੈਂਦੀਆਂ ਹਨ। ਇਹ ਸਾਰੇ ਵੱਖ-ਵੱਖ ਢੰਗਾਂ ਦੁਆਰਾ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਆਪਣੀਆਂ ਕਿਰਿਆਵਾਂ ਕਰਦੇ ਹਨ। ਈ-ਗਵਰਨੈਂਸ ਦੀ ਕਾਰਜ ਪ੍ਰਣਾਲੀ ਦੀ ਵਿਆਖਿਆ ਹੇਠ ਲਿਖੇ ਭਾਗਾਂ ਅਧੀਨ ਕੀਤੀ ਜਾ ਸਕਦੀ ਹੈ:




1. **G2G (Government to Government)/ਸਰਕਾਰ ਤੋਂ ਸਰਕਾਰ:** ਈ-ਗਵਰਨੈਂਸ ਦੀ ਇਸ ਕਿਸਮ ਵਿੱਚ ਉਹਨਾਂ ਔਨਲਾਈਨ ਸੇਵਾਵਾਂ ਨੂੰ ਰੱਖਿਆ ਜਾਂਦਾ ਹੈ ਜਿਸ ਵਿਚ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਆਪਸੀ ਡਾਟਾ ਅਤੇ ਸੂਚਨਾ ਸ਼ੇਅਰ (share) ਕਰਦੀਆਂ ਹਨ।
2. **G2C (Government to Citizen)/ਸਰਕਾਰ ਤੋਂ ਨਾਗਰਿਕ:** ਈ-ਗਵਰਨੈਂਸ ਦੀ ਇਸ ਕਿਸਮ ਵਿੱਚ ਸਰਕਾਰ ਆਪਣੇ ਨਾਗਰਿਕਾਂ ਨੂੰ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਦੀ ਹੈ। ਇਹ ਸੇਵਾਵਾਂ ਮੁਫਤ ਹਨ ਜਾਂ ਬਹੁਤ ਘੱਟ ਖਰਚੇ ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਜਿਵੇਂ ਕਿ: ਬਿੱਲਾਂ ਦੀ ਆਨਲਾਈਨ ਅਦਾਇਗੀ, ਆਮਦਨੀ ਟੈਕਸ ਦੀ ਆਨਲਾਈਨ ਅਦਾਇਗੀ ਆਦਿ।
3. **G2B (Government to Business)/ਸਰਕਾਰ ਤੋਂ ਵਪਾਰ:** ਈ-ਗਵਰਨੈਂਸ ਦੀ ਇਸ ਕਿਸਮ ਵਿੱਚ ਸਰਕਾਰ ਦੁਆਰਾ ਕਾਰੋਬਾਰਾਂ (Business) ਨੂੰ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਦਾਹਰਣ ਲਈ: ਆਨਲਾਈਨ ਵਿਕਰੀ, ਚੀਜ਼ਾਂ ਦੀ ਖਰੀਦ, ਚੀਜ਼ਾਂ ਤੇ ਟੈਕਸ ਅਤੇ ਸਬਸਿਡੀਆਂ ਆਦਿ ਸੰਬੰਧੀ ਆਨਲਾਈਨ ਸੇਵਾਵਾਂ।
4. **G2E (Government to Employee)/ਸਰਕਾਰ ਤੋਂ ਕਰਮਚਾਰੀ:** ਈ-ਗਵਰਨੈਂਸ ਦੀ ਇਸ ਕਿਸਮ ਵਿਚ ਸਰਕਾਰ ਆਪਣੇ ਕਰਮਚਾਰੀਆਂ ਨੂੰ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਦੀ ਹੈ। ਜਿਵੇਂ ਕਿ: ਮੁਲਾਜ਼ਮਾਂ ਦੇ ਤਨਖਾਹ ਬਿੱਲ ਬਨਾਉਣ ਲਈ, ਉਨ੍ਹਾਂ ਦੇ ਸਰਵਿਸ ਰਿਕਾਰਡ ਮੇਨਟੇਨ ਕਰਨ ਲਈ, ਉਨ੍ਹਾਂ ਦੇ ਵਿਭਾਗੀ ਤਬਾਦਲੇ ਆਦਿ ਕੰਮਾਂ ਲਈ ਆਨਲਾਈਨ ਸੇਵਾਵਾਂ। ਉਦਾਹਰਣ ਲਈ: iHRMS, eHRMS
5. **G2N (Government to NGOs)/ਸਰਕਾਰ ਤੋਂ ਗੈਰ-ਸਰਕਾਰੀ ਸੰਗਠਨ:** ਇਸ ਕਿਸਮ ਦੀ ਈ-ਗਵਰਨੈਂਸ ਵਿਚ ਸਰਕਾਰ ਵੱਲੋਂ ਗੈਰ-ਸਰਕਾਰੀ ਸੰਗਠਨਾਂ ਨੂੰ ਸੇਵਾਵਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਉਦਾਹਰਣ ਲਈ: ਗੈਰ-ਸਰਕਾਰੀ ਸੰਸਥਾਵਾਂ ਜਾਂ ਸੁਸਾਇਟੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਆਦਿ।

**ਪ੍ਰ:2 ਈ-ਗਵਰਨੈਂਸ ਦੇ ਲਾਭ ਅਤੇ ਹਾਨੀਆਂ ਕੀ ਹਨ?**

ਉ: ਈ-ਗਵਰਨੈਂਸ ਦੇ ਲਾਭ ਅਤੇ ਹਾਨੀਆਂ ਦਾ ਵਰਨਣ ਇਸ ਪ੍ਰਕਾਰ ਹਨ:

**ਈ-ਗਵਰਨੈਂਸ ਦੇ ਲਾਭ:**

1. ਲੋਕ ਬੜੀ ਆਸਨੀ ਨਾਲ ਈ-ਗਵਰਨੈਂਸ ਸੇਵਾਵਾਂ ਆਨਲਾਈਨ ਜਾਂ ਆਪਣੇ ਨੇੜਲੇ ਸੇਵਾ ਜਾਂ ਸੁਵਿਧਾ ਕੇਂਦਰਾਂ ਵਿਖੇ ਪ੍ਰਾਪਤ ਕਰ ਸਕਦੇ ਹਨ।
2. ਈ-ਗਵਰਨੈਂਸ ਦੇ ਹੋਂਦ ਵਿੱਚ ਆਉਣ ਨਾਲ ਸਰਕਾਰੀ ਕੰਮਾਂ ਵਿੱਚ ਵੀ ਤੇਜੀ ਆਈ ਹੈ।
3. ਈ-ਗਵਰਨੈਂਸ ਦਸਤਾਵੇਜਾਂ ਦੀ ਲਾਗਤ ਨੂੰ ਘਟਾਉਂਦੀ ਹੈ।
4. ਈ-ਗਵਰਨੈਂਸ ਨੇ ਸਾਰੇ ਦਫਤਰਾਂ ਦੀ ਕਾਰਜਸ਼ੈਲੀ ਵਿਚ ਪਾਰਦਰਸ਼ੀ ਵਾਤਾਵਰਣ ਬਣਾਇਆ ਹੈ।
5. ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਦੇਰੀ ਲਈ ਸਬੰਧਿਤ ਅਧਿਕਾਰੀ ਜਾਂ ਕਰਮਚਾਰੀ ਜਵਾਬਦੇਹ ਹੁੰਦਾ ਹੈ।

**ਈ-ਗਵਰਨੈਂਸ ਦੀਆਂ ਕਮੀਆਂ:**

1. ਅਨਪੜ੍ਹ ਜਾਂ ਤਕਨੀਕੀ ਤੌਰ ਤੇ ਅਨਜਾਣ ਵਿਅਕਤੀ ਇਹਨਾਂ ਸੇਵਾਵਾਂ ਦਾ ਸਹੀ ਲਾਭ ਨਹੀਂ ਉਠਾ ਸਕਦੇ।
2. ਇਹਨਾਂ ਸੇਵਾਵਾਂ ਦੀ ਵਰਤੋਂ ਲਈ ਇੰਟਰਨੈਟ ਦੀ ਸੁਵਿਧਾ ਹੋਣਾ ਲਾਜ਼ਮੀ ਹੈ।
3. ਹਰ ਪਿੰਡ ਵਿਚ ਸੇਵਾ ਕੇਂਦਰ ਖੋਲ੍ਹਣਾ ਇਕ ਮਹਿੰਗਾ ਕੰਮ ਹੈ।
4. ਇੰਟਰਨੈਟ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਮੰਨਿਆ ਜਾ ਸਕਦਾ।

**ਪ੍ਰ:3 ਆਧਾਰ ਕੀ ਹੈ? ਇਸਦੀਆਂ ਵਿਸ਼ੇਸਤਾਵਾਂ ਦੀ ਵਿਆਖਿਆ ਕਰੋ?**




**ਉ:** ਆਧਾਰ 12 ਅੰਕਾਂ ਦਾ ਇੱਕ ਵਿਲੱਖਣ ਪਹਿਚਾਣ ਕਾਰਡ ਨੰਬਰ ਹੈ। ਇਹ ਨੰਬਰ UIDAI (ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਔਫ ਇੰਡੀਆ) ਦੁਆਰਾ ਭਾਰਤੀ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਹੈ। ਭਾਰਤ ਵਿਚ ਕਿਸੇ ਵੀ ਦੋ ਵਿਅਕਤੀਆਂ ਦਾ ਇਕੋ ਜਿਹਾ ਅਧਾਰ ਨੰਬਰ ਨਹੀਂ ਹੋ ਸਕਦਾ।

**ਆਧਾਰ ਦੀਆਂ ਵਿਸ਼ੇਸ਼ਤਾਵਾਂ:**

1. ਵਿਲੱਖਣ ਪਹਿਚਾਣ: ਆਧਾਰ ਹਰ ਭਾਰਤੀ ਨਾਗਰਿਕ ਨੂੰ ਇੱਕ ਵਿਲੱਖਣ ਪਹਿਚਾਣ ਪ੍ਰਦਾਨ ਕਰਦਾ ਹੈ।
2. ਰਿਹਾਇਸ਼ੀ ਦਸਤਾਵੇਜ਼: ਆਧਾਰ ਉਪਰ ਸੰਬੰਧਤ ਵਿਅਕਤੀ ਦਾ ਪੂਰਾ ਰਿਹਾਇਸ਼ੀ ਪਤਾ ਦਰਜ਼ ਹੁੰਦਾ ਹੈ।
3. ਖਤਮ ਹੋਣ ਦੀ ਕੋਈ ਮਿਆਦ ਨਹੀਂ: ਆਧਾਰ ਕਾਰਡ ਦੇ ਖਤਮ ਹੋਣ ਦੀ ਕੋਈ ਵੀ ਆਖਿਰੀ ਮਿਤੀ ਨਹੀਂ ਹੁੰਦੀ।
4. ਸ਼ਨਾਖਤੀ ਸਬੂਤ: ਕਿਉਂਕਿ ਆਧਾਰ ਕਾਰਡ ਵਿੱਚ ਵਿਅਕਤੀ ਦੀ ਵਿਅਕਤੀਗਤ ਅਤੇ ਬਾਇਓਮੈਟ੍ਰਿਕ ਆਦਿ ਸੂਚਨਾ ਦਰਜ ਹੁੰਦੀ ਹੈ, ਇਸ ਲਈ ਇਸਨੂੰ ਸ਼ਨਾਖਤੀ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ।
5. ਔਨਲਾਈਨ ਪ੍ਰਮਾਣੀਕਰਨ: ਅਜੋਕੇ ਸਮੇਂ ਕਈ ਤਰ੍ਹਾਂ ਦੀਆਂ ਆਨਲਾਈਨ ਸਹੂਲਤਾਂ ਲਈ ਆਧਾਰ ਕਾਰਡ ਨੰਬਰ ਦੁਆਰਾ ਹੀ ਪ੍ਰਮਾਣੀਕਰਨ ਕੀਤਾ ਜਾਂਦਾ ਹੈ।

**ਪ੍ਰ:4 ਸੇਵਾ/ਸੁਵਿਧਾ ਕੇਂਦਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਸੂਚੀ ਬਣਾਓ।**


**ਉ:** ਸੇਵਾ ਕੇਂਦਰਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਕੁਝ ਆਨਲਾਈਨ ਸੇਵਾਵਾਂ ਅਤੇ ਸਹੂਲਤਾਂ ਹੇਠ ਲਿਖੀਆਂ ਹਨ:




1. ਰਿਹਾਇਸ਼ੀ ਸਰਟੀਫਿਕੇਟ ਜਾਰੀ ਕਰਨਾ।
2. ਜਾਤੀ ਸਰਟੀਫਿਕੇਟ ਜਾਰੀ ਕਰਨਾ।
3. ਜਨਮ-ਮੌਤ ਸਰਟੀਫਿਕੇਟ ਜਾਰੀ ਕਰਨਾ।
4. ਆਮਦਨ ਸਬੰਧੀ ਸਰਟੀਫਿਕੇਟ ਜਾਰੀ ਕਰਨਾ।
5. ਆਧਾਰ ਕਾਰਡ ਜਾਰੀ ਕਰਨਾ।
6. ਧਰਮ ਸਬੰਧੀ ਸਰਟੀਫਿਕੇਟ ਜਾਰੀ ਕਰਨਾ।
7. ਰਜ਼ਿਸਟਰੀ, ਇੰਤਕਾਲ ਦੀਆਂ ਨਕਲਾਂ ਜਾਰੀ ਕਰਨਾ।
8. ਵਹੀਕਲ ਰਜ਼ਿਸਟ੍ਰੇਸ਼ਨ (ਆਰ.ਸੀ.) ਸਰਟੀਫਿਕੇਟ ਜਾਰੀ ਕਰਨਾ ।
9. ਬੁਢਾਪਾ/ਵਿਧਵਾ ਪੈਨਸ਼ਨਾਂ ਦੇ ਫਾਰਮ ਭਰਨੇ।
10. ਡਰਾਈਵਿੰਗ ਲਾਈਸੈਂਸ ਜਾਰੀ ਕਰਨਾ।
11. ਔਨਲਾਈਨ ਬਿਜਲੀ, ਟੈਲੀਫੋਨ ਅਤੇ ਹੋਰ ਕਈ ਤਰ੍ਹਾਂ ਦੇ ਬਿੱਲ ਜਮਾਂ ਕਰਨਾ।

**ਪ੍ਰ:5 ਇਨਫਰਮੇਸ਼ਨ ਸਿਸਟਮ ਕੀ ਹੁੰਦੇ ਹਨ? ਇਹਨਾਂ ਦੀਆਂ ਕਿਸਮਾਂ ਦੀ ਵਿਆਖਿਆ ਕਰੋ?**

**ਉ:** ਇੰਨਫਰਮੇਸ਼ਨ ਸਿਸਟਮਾਂ ਜਾਂ ਸੂਚਨਾ ਪ੍ਰਣਾਲੀਆਂ ਦੀਆਂ ਕਿਸਮਾਂ ਇਸ ਪ੍ਰਕਾਰ ਹਨ:




- ਲੈਣ-ਦੇਣ ਪ੍ਰਕਿਰਿਆ ਪ੍ਰਣਾਲੀ: ਇਸ ਕਿਸਮ ਦੀ ਸੂਚਨਾ ਪ੍ਰਣਾਲੀ ਦੀ ਵਰਤੋਂ ਵਪਾਰਿਕ ਸੰਸਥਾਵਾਂ ਦੁਆਰਾ ਕੀਤੀ ਜਾਂਦੀ ਹੈ। ਇਸ ਵਿਚ ਖ੍ਰੀਦ-ਵੇਚ,ਪੇ-ਰੋਲ, ਅਤੇ ਵਪਾਰ ਸਬੰਧੀ ਰਿਪੋਰਟਾਂ ਤਿਆਰ ਕਰਨ ਆਦਿ ਵਰਗੇ ਕੰਮ ਕੀਤੇ ਜਾਂਦੇ ਹਨ। ਉਦਾਹਰਣ ਲਈ: ਬੈਂਕਿੰਗ ਖੇਤਰ ਵਿੱਚ ਇਸ ਤਰ੍ਹਾਂ ਦੇ ਸਿਸਟਮਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।
- ਫੈਸਲਾ ਸਮੱਰਥਕ ਸੂਚਨਾ ਪ੍ਰਣਾਲੀ: ਇਸ ਕਿਸਮ ਦੀ ਸੂਚਨਾ ਪ੍ਰਣਾਲੀ ਦੀ ਵਰਤੋਂ ਕਿਸੇ ਵੀ ਸੰਸਥਾ ਦੀ ਮੈਨੇਜਮੈਂਟ ਦੁਆਰਾ ਫੈਸਲੇ ਕਰਨ ਲਈ ਕੀਤੀ ਜਾਂਦੀ ਹੈ। ਮੈਨੇਜਮੈਂਟ ਦੁਆਰਾ ਫੈਂਸਲੇ ਲੈਣ ਲਈ ਇਕਤਰ ਕੀਤੇ ਗਏ ਡਾਟਾ ਦੀ ਵਰਤੋਂ ਕੀਤੀ ਜਾਂਦੀ ਹੈ।
- ਕਾਰਜਕਾਰੀ ਸੂਚਨਾ ਪ੍ਰਣਾਲੀ: ਇਸ ਸੂਚਨਾ ਪ੍ਰਣਾਲੀ ਦੀ ਵਰਤੋਂ ਸੰਸਥਾਵਾਂ ਦੇ ਕੰਮ-ਕਾਜ ਨੂੰ ਕੁਸ਼ਲ ਢੰਗ ਨਾਲ ਨਿਯੰਤਰਿਤ ਕਰਨ ਲਈ ਕੀਤੀ ਜਾਂਦੀ ਹੈ।
- ਪ੍ਰਬੰਧਕੀ ਸੂਚਨਾ ਪ੍ਰਣਾਲੀ: ਇਸ ਸੂਚਨਾ ਪ੍ਰਣਾਲੀ ਦੀ ਵਰਤੋਂ ਕਿਸੇ ਵੀ ਸੰਸਥਾ ਦੇ ਪ੍ਰਬੰਧਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ। ਇਹ ਸਿਸਟਮ ਸੰਸਥਾ ਨਾਲ ਜੁੜੇ ਸਾਰੇ ਰਿਕਾਰਡ ਸਟੋਰ ਕਰਦਾ ਹੈ। ਉਦਾਹਰਣ ਵਜੋਂ: ਪੰਜਾਬ ਦਾ ਸਿੱਖਿਆ ਵਿਭਾਗ MIS ਦੀ ਵਰਤੋਂ ਸਕੂਲ, ਵਿਦਿਆਰਥੀਆਂ ਅਤੇ ਸਟਾਫ ਦਾ ਡੇਟਾ ਨੂੰ ਸਟੋਰ ਕਰਨ ਲਈ ਕਰਦਾ ਹੈ।
- ਨਿਪੁੰਨ ਪ੍ਰਣਾਲੀ: ਇਸ ਕਿਸਮ ਦੀਆਂ ਪ੍ਰਣਾਲੀਆਂ ਦੀ ਵਰਤੋਂ ਜਟਿਲ ਸਮੱਸਿਆਵਾਂ ਦੇ ਹੱਲ ਲਈ ਕੀਤੀ ਜਾਂਦੀ ਹੈ ਜੋ ਜ਼ਿਆਦਾਤਰ ਵਿਗਿਆਨ ਅਤੇ ਇੰਨਟੈਲੀਜੈਂਸ ਵਿਭਾਗਾਂ ਵਿੱਚ ਵਰਤੀ ਜਾਂਦੀ ਹੈ।